
परस्परोपग्रहो
जीवनाम्



ਪ੍ਰਕਾਸ਼ਕ:
26ਵੀਂ ਮਹਾਵੀਰ ਜਨਮ ਕਲਿਆਣਕ ਸਤਾਬਦੀ
ਸੰਯੋਜਿਕਾ ਸੰਮਤੀ ਪੰਜਾਬ, ਮਹਾਵੀਰ ਸਟਰੀਟ ਮਾਲੇਰਕੋਟਲਾ
**ਜ਼ੁਨੇਰਾ ਕੰਪਿਊਟਰਜ਼**
**ਦਿੱਲੀ ਗੇਟ ਮਾਲੇਰਕੋਟਲਾ**
www: jainworld.com


# ਵਿੱਵਿਸਥਾ ਸਿਕਸ਼ਾ ਕੁਲਕਮ

## Vivstha Siksha Kulkam



**ਮਨੀਧਾਰੀ ਅਚਾਰਿਆ**
**ਸ਼੍ਰੀ ਜਿੰਨ ਚੰਦਰ ਸੂਰੀ ਜੀ ਮਹਾਰਾਜ**
ਅਨੁਵਾਦਕ
ਰਵਿੰਦਰ ਜੈਨ, ਪੁਰਸ਼ੋਤਮ ਜੈਨ

# ਵਿੱਵਸਥਾ ਸਿਕਸ਼ਾ ਕੁਲਕਮ



ਮਨੀਧਾਰੀ ਸ਼੍ਰੀ ਜਿਨ ਚੰਦਰ ਸੂਰੀ ਜੀ ਮਹਾਰਾਜ


ਅਨੁਵਾਦਕ:

ਪੁਰਸ਼ੋਤਮ ਜੈਨ, ਰਵਿੰਦਰ ਜੈਨ

# ਮਨੀਧਾਰੀ ਸ਼੍ਰੀ ਜਿੰਨ ਚੰਦਰ ਸੂਰੀ ਜੀ ਮਹਾਰਾਜ ਬਾਰੇ ਸੰਖੇਪ ਜਾਣਕਾਰੀ:

ਇਸ ਗ੍ਰੰਥ ਦੇ ਰਚਨਾ ਕਾਰ ਪ੍ਰਸ਼ਿੱਧ ਸਵੈਤਾਂਵਰ ਜੈਨ ਖਰਤਰਗੱਛ ਦੇ ਚਾਰ ਅਚਾਰਿਆਂ ਵਿੱਚੋਂ ਪ੍ਰਮੁੱਖ ਜਿੰਨ ਦੱਤ ਸੂਰੀ ਤੋਂ ਬਾਅਦ ਹੋਏ ਮਨੀ ਧਾਰੀ ਸ਼੍ਰੀ ਜਿਨ ਚੰਦ ਸੂਰੀ ਜੀ ਹਨ। ਉਹ ਬਹੁਤ ਪ੍ਰਤੀਭਾ ਸ਼ਾਲੀ ਵਿਦਵਾਨ ਅਤੇ ਜੈਨ ਧਰਮ ਦਾ ਪ੍ਰਚਾਰ ਕਰਨ ਵਾਲੇ ਸਨ। ਉਹਨਾਂ ਆਪ ਦੇ ਗੁਰੂ ਦਾ ਨਾਂ ਅਚਾਰਿਆ ਜਿੰਨ ਦੱਤ ਸੂਰੀ ਸੀ, ਆਖਦੇ ਹਨ ਇਕ ਵਾਰ ਸੇਠ ਰਾਮ ਦੇਵ ਨੇ ਅਚਾਰਿਆ ਜਿੰਨ ਦੱਤ ਸੂਰੀ ਤੋਂ ਪੁੱਛਿਆ ਤੁਹਾਡੇ ਤੇ ਬੁਢਾਪਾ ਆ ਗਿਆ ਹੈ ਤੁਹਾਡੀ ਗੱਦੀ ਦਾ ਵਾਰਸ ਕੌਣ ਹੋਵੇਗਾ? ਅਚਾਰਿਆ ਨੇ ਕਿਹਾ ਅਜੇ ਤਾਂ ਕੋਈ ਵਿਖਾਈ ਨਹੀਂ ਦਿੰਦਾ। ਰਾਮ ਦੇਵ ਨੇ ਫੇਰ ਪੁਛਿਆ ਜੇ ਹੁਣ ਨਹੀਂ ਤਾਂ ਕਿ ਉਹ ਸਵਰਗ ਵਿੱਚੋਂ ਆਵੇਗਾ? ਅਚਾਰਿਆ ਜੀ ਨੇ ਕਿਹਾ ਹਾਂ ਅਜਿਹਾ ਹੀ ਹੋਵੇਗਾ। ਰਾਮਦੇਵ ਨੇ ਫੇਰ ਪੁੱਛਿਆ ਕਿਵੇਂ।

ਉਸ ਦੇ ਪ੍ਰਸ਼ਨ ਦਾ ਉੱਤਰ ਦਿੰਦੇ ਹੋਏ ਆਪ ਨੇ ਕਿਹਾ ਕਿ ਫਲਾਂ ਦਿਨ ਦੇਵ ਲੋਕ ਤੋਂ ਇਕ ਦੇਵਤਾ ਅਪਣੀ ਉੱਮਰ ਪੂਰੀ ਕਰਕੇ ਵਿਕਰਮਪੁਰ ਦੇ ਸੇਠ ਰਾਸਲ ਦੀ ਛੋਟੀ ਧਰਮ ਪੱਤਨੀ ਦਲਹਨ ਦੇਵੀ ਦੇ ਪੇਟ ਤੋਂ ਪੈਦਾ ਹੋਵੇਗਾ ਅਤੇ ਉਹ ਹੀ ਮੇਰੀ ਗੱਦੀ ਦਾ ਵਾਰਸ ਹੋਵੇਗਾ। ਇਹ ਸੁਣ ਕੇ ਰਾਮ ਦੇਵ ਵਿਕਰਮਪੁਰ ਵਿੱਚ ਰਾਸਲ ਸੇਠ ਦੇ ਘਰ ਪਹੁੰਚਿਆ ਸੇਠ ਤੋਂ ਸੁੱਖ ਸਾਂਦ ਪੁੱਛਣ ਤੋਂ ਬਾਅਦ ਰਾਮ ਦੇਵ ਨੇ ਅਚਾਰਿਆ ਜੀ ਵੱਲੋਂ ਕੀਤੀ ਭੱਵਿਖ ਬਾਣੀ ਦੱਸੀ ਰਾਮ ਦੇਵ ਨੇ ਉਸ ਦੀ ਛੋਟੀ ਪੱਤਨੀ ਦਾ ਗਹਿਣੇਆਂ ਨਾਲ ਸੱਤਿਕਾਰ ਕਰਕੇ ਅਤੇ ਨਮਸਕਾਰ ਕਰਕੇ ਵਾਪਸ ਆ ਗਿਆ। ਅਚਾਰਿਆ ਦੀ ਭੱਵਿਖਬਾਣੀ ਤੋਂ ਸੇਠ ਬਹੁਤ ਖੁਸ਼ ਹੋਇਆ ਅਤੇ ਅਪਣੀ ਛੋਟੀ ਪਤਨੀ ਦਾ ਧਿਆਨ ਰੱਖਣ ਲੱਗਾ। ਸੰਮਤ 1197 ਭਾਦੋਂ ਸ਼ੁਕਲ 8 ਨੂੰ ਜੇਸ਼ਠਾ ਨੱਛਤਰ ਵਿੱਚ ਇਕ ਬਾਲਕ ਨੇ ਜਨਮ ਲਿਆ। ਅਚਾਰਿਆ ਸ਼੍ਰੀ ਜਿਨ ਦੱਤ ਸੂਰੀ ਦਾ

ਅਪਣੇ ਵਿਕਰਮਪੁਰ ਅਤੇ ਆਸ ਪਾਸ ਦੇ ਇਲਾਕੇ ਵਿੱਚ ਬਹੁਤ ਪ੍ਰਚਾਰ ਪ੍ਰਭਾਵ ਸੀ ਇਸ ਜਗ੍ਹਾ ਤੇ ਆਪ ਨੇ ਅਨੇਕਾਂ ਜੈਨ ਮੰਦਿਰ ਬਣਾਏ ਨਵੇਂ ਸਾਧੂ ਸਾਧਵੀਆਂ ਨੂੰ ਦਿੱਖਿਆ ਦਿੱਤੀ ਅਤੇ ਪੁਰਾਣੇ ਮੰਦਿਰਾਂ ਦੀ ਮੁਰਮੰਤ ਕਰਵਾਈ। ਇਕ ਵਾਰ ਸੇਠ ਰਾਸਲ ਦਾ ਪੁੱਤਰ ਬਚਪਨ ਵਿੱਚ ਅਪਣੀ ਮਾਤਾ ਦੇ ਨਾਲ ਆਪ ਦੇ ਦਰਸ਼ਨ ਕਰਨ ਦੇ ਲਈ ਆਇਆ ਅਚਾਰਿਆ ਨੇ ਜੈਨ ਧਰਮ ਦੇ ਭਲੇ ਲਈ ਉਸ ਬਾਲਕ ਦੀ ਮੰਗ ਕੀਤੀ। ਮਾਤਾ ਪਿਤਾ ਨੇ ਬੜੀ ਖੁਸ਼ੀ ਨਾਲ ਉਹ ਬਾਲਕ ਆਪ ਨੂੰ ਦੇ ਦਿੱਤਾ।

## ਦਿੱਖਿਆ:

ਵਿਕਰਮਪੁਰ ਵਿੱਚ ਧਰਮ ਪ੍ਰਚਾਰ ਕਰਦੇ ਹੋਏ ਅਚਾਰਿਆ ਜੀ ਅਜਮੇਰ ਪਦਾਰੇ ਉੱਥੇ ਸੰਮਤ 1203 ਫੱਗਨ ਸ਼ੁਕਲ 9 ਦੇ ਦਿਨ ਸ਼੍ਰੀ ਪਾਰਸਵਨਾਥ ਦੇ ਮੰਦਿਰ ਵਿੱਚ ਸ਼੍ਰੀ ਜਿੰਨ ਚੰਦਰ ਸੂਰੀ ਦੀ ਦਿੱਖਿਆ ਹੋਈ। ਖਾਲੀ ਦੋ ਸਾਲ ਦੀ ਵਿਦਿਆ ਅਧਿਐਨ ਨਾਲ ਹੀ ਆਪ ਨੇ ਪ੍ਰਤੀਭਾ ਚਮਕ ਉਠੀ। ਸਾਰੇ ਲੋਕ ਆਪ ਦੇ ਗਿਆਨ ਦੀ ਪ੍ਰਸ਼ੰਸਾ ਕਰਨ ਲੱਗੇ।

## ਅਚਾਰਿਆ ਪੱਦਵੀ:

ਸੰਮਤ 1205 ਦੀ ਵਿਸ਼ਾਖ ਸ਼ੁਕਲ 6 ਨੂੰ ਵਿਕਰਮਪੁਰ ਦੇ ਸ਼੍ਰੀ ਮਹਾਵੀਰ ਜੈਨ ਮੰਦਿਰ ਵਿੱਚ ਅਚਾਰਿਆ ਜਿੰਨ ਦੱਤ ਸੂਰੀ ਜੀ ਨੇ ਅਪਣੇ ਹੱਥ ਨਾਲ ਆਪ ਨੂੰ ਅਚਾਰਿਆ ਦੀ ਪੱਦਵੀ ਦਿੱਤੀ। ਅਚਾਰਿਆ ਜਿੰਨ ਦੱਤ ਸੂਰੀ ਦੀ ਆਪ ‘ਤੇ ਬਹੁਤ ਕ੍ਰਿਪਾ ਸੀ। ਅਚਾਰਿਆ ਜਿੰਨ ਦੱਤ ਸੂਰੀ ਉਹਨਾਂ ਨੂੰ ਆਪ ਖੁਦ ਜੈਨ ਆਗਮ, ਮੰਤਰ ਤੰਤਰ, ਜੋਤਿਸ਼, ਆਦਿ ਪੜ੍ਹਾ ਕੇ ਸਾਰੇ ਵਿਸ਼ਿਆਂ ਵਿੱਚ ਵਿਦਵਾਨ ਬਣਾ ਦਿੱਤਾ। ਆਪ ਨੇ ਵੀ ਹਮੇਸ਼ਾ ਗੁਰੂ ਦੀ ਸੇਵਾ ਵਿੱਚ ਤੱਤਪਰ ਰਹੇ।

## ਅਚਾਰਿਆ ਜਿੰਨ ਦੱਤ ਦੀ ਭੱਵਿਖਬਾਣੀ:

ਅਚਾਰਿਆ ਜਿੰਨ ਦੱਤ ਸੂਰੀ ਅਪਣੇ ਚੇਲੇ ਤੋਂ ਬਹੁਤ ਖੁਸ਼ ਸਨ ਉਹਨਾਂ ਨੇ ਹਰ ਪ੍ਰਕਾਰ ਦਾ ਗਿਆਨ ਤਾਂ ਆਪ ਨੂੰ ਪ੍ਰਦਾਨ ਕੀਤਾ ਸੀ ਅਤੇ ਨਾਲ ਹੀ

ਇਕ ਹਦਾਇਤ ਵੀ ਦਿੱਤੀ ਸੀ ਕਿ ਦਿੱਲੀ ਵਿੱਚ ਕਦੇ ਨਹੀਂ ਜਾਣਾ। ਕਿਉਂਕਿ ਦਿੱਲੀ ਵਿੱਚ ਉਸ ਸਮੇਂ ਦੁਸ਼ਟ ਦੇਵਤੇ ਅਤੇ ਜੋਗਨੀਆਂ ਦਾ ਬਹੁਤ ਉਪਦਰਵ ਸੀ ਅਤੇ ਸ਼੍ਰੀ ਜਿੰਨ ਚੰਦਰ ਸੂਰੀ ਦਾ ਮੌਤ ਦਾ ਯੋਗ ਵੀ ਉਹਨਾਂ ਜੋਤਿਸ਼ ਤੋਂ ਜਾਣ ਕੇ ਉਹਨਾ ਨੂੰ ਦਿੱਲੀ ਜਾਣ ਤੋਂ ਮਨ੍ਹਾ ਕੀਤਾ ਸੀ। ਆਪ ਨੇ ਅਪਣੇ ਗੁਰੂ ਦੀ ਹਦਾਇਤ ਦਾ ਕਾਫੀ ਧਿਆਨ ਰੱਖਿਆ। ਸੰਮਤ 1211 ਮਿਤੀ ਹਾੜ ਸ਼ੁਕਲ 11 ਨੂੰ ਅਜਮੇਰ ਵਿੱਖੇ ਸ਼੍ਰੀ ਜਿੰਨ ਦੱਤ ਸੂਰੀ ਜੀ ਮਹਾਰਾਜ ਸਵਰਗ ਸ਼ਧਾਰ ਗਏ ਤੱਦ ਸਾਰੇ ਗੱਛ ਦਾ ਭਾਰ ਅਚਾਰਿਆ ਜਿੰਨ ਚੰਦਰ ਸੂਰੀ ਦੇ ਮੋਢਿਆਂ ਤੇ ਆਗਿਆ। ਸੰਮਤ 1214 ਵਿੱਚ ਆਪ ਨੇ ਤ੍ਰੀ ਭਵਨ ਗਿਰੀ ਮਥਰਾ, ਭੀਮ ਪੱਲੀ, ਮਰੋਟ, ਆਦਿ ਸ਼ਹਿਰਾਂ ਵਿੱਚ ਜੈਨ ਧਰਮ ਦਾ ਪ੍ਰਚਾਰ ਪ੍ਰਸਾਰ ਕੀਤਾ। ਇਸ ਸਮੇਂ ਆਪ ਨੇ ਬਹੁਤ ਸਾਰੇ ਜੀਵਾਂ ਨੂੰ ਸਾਧੂ ਅਤੇ ਗ੍ਰਹਸਿਤ ਧਰਮ ਵਿੱਚ ਸਾਮਲ ਕੀਤਾ ਅਨੇਕਾਂ ਮੰਦਿਰਾਂ ਤੇ ਨਵੇਂ ਧਵਜ ਲਹਿਰਾਏ। ਆਪ ਦੇ ਗੁਰੂ ਦੀ ਪ੍ਰੇਰਨਾ ਨਾਲ ਮਰੂਕੋਟ ਦੇ ਰਾਜਾ ਸਿੰਘ ਬਲ ਦੇ ਸਮੇਂ ਚੰਦਰ ਪ੍ਰਭੂ ਦਾ ਵਿਸ਼ਾਲ ਮੰਦਿਰ ਬਣਿਆ ਸੀ ਉਸ ਦੀ ਪ੍ਰਤੀਸ਼ਟਾ ਵੀ ਅਚਾਰਿਆਂ ਜਿੰਨ ਚੰਦਰ ਨੇ ਹੀ ਕਰਵਾਈ। ਮਰੂਕੋਟ ਤੋਂ ਆਪ ਧਰਮ ਪ੍ਰਚਾਰ ਕਰਦੇ ਹੋਏ ਸੰਮਤ 1218 ਵਿੱਚ ਆਪ ਸਿੰਧ ਦੇਸ਼ ਵਿੱਚ ਆਏ ਸੰਮਤ 1221 ਵਿੱਚ ਅਚਾਰਿਆ ਜਿੰਨ ਚੰਦਰ ਸੂਰੀ ਸਾਗਰ ਪਾੜਾ ਪਧਾਰੇ ਫੇਰ ਅਜਮੇਰ ਆ ਕੇ ਅਪਣੇ ਗੁਰੂ ਸ਼੍ਰੀ ਜਿੰਨ ਦੱਤ ਸੂਰੀ ਦੀ ਸਮਾਧੀ ਦੀ ਪ੍ਰਤੀਸ਼ਠਾ ਕਰਵਾਈ ਇਸ ਪ੍ਰਕਾਰ ਧਰਮ ਪ੍ਰਚਾਰ ਕਰਦੇ ਹੋਏ ਵਵਰੇਕ ਪਧਾਰੇ ਉੱਥੋਂ ਧਰਮ ਪ੍ਰਚਾਰ ਕਰਦੇ ਹੋਏ ਹਾਂਸੀ ਨਗਰੀ ਵਿੱਚ ਨਾਗ ਦੱਤ ਨੂੰ ਵਾਚਨਾ ਅਚਾਰਿਆ ਪੱਦ ਦਿੱਤਾ। ਆਪ ਨੇ ਮਹਾ ਬਣ, ਤੱਗਲਾ, ਵਿਖੇ ਵੀ ਮੰਦਿਰਾਂ ਦਾ ਨਿਰਮਾਨ ਕਰਵਾਇਆ। ਸੰਮਤ 1222 ਵਿੱਚ ਬਾਦਲੀ ਨਗਰ ਵਿੱਚ ਸ਼੍ਰੀ ਪਾਰਸਵਨਾਥ ਦੇ ਮੰਦਿਰ ਦੀ ਸਥਾਪਨਾ ਕਰਕੇ ਆਪ ਰੁਦਰਪੱਲੀ ਪਧਾਰੇ ਉੱਥੇ ਜੋਤਿਸ਼ ਦਾ ਅਭਿਆਸ ਜਾਰੀ ਰੱਖਿਆ ਅਤੇ ਇਕ ਜੋਤਿਸ਼ੀ

ਨਾਲ ਬਹਿਸ ਕਰਕੇ ਅਤੇ ਉਸ ਬਹਿਸ ਨੂੰ ਜਿੱਤੀਆ। ਆਪ ਨੇ ਇਕ ਪੱਦਮ ਚੰਦਰ ਅਚਾਰਿਆ ਦੇ ਨਾਲ ਸਾਸ਼ਤਰ ਅਰਥ ਵੀ ਕੀਤਾ।

## ਚੱਮਤਕਾਰ:

ਅਚਾਰਿਆ ਜਿੰਨ ਚੰਦਰ ਦਾ ਜੀਵਨ ਚੱਮਤਕਾਰ ਭਰਪੁਰ ਸੀ। ਉਹਨਾਂ ਨੇ ਸਿਰਫ ਛੇ ਸਾਲ ਦੀ ਉਮਰ ਵਿੱਚ ਸਾਧੂ ਜੀਵਨ ਗ੍ਰਹਿਣ ਕੀਤਾ, 8 ਸਾਲ ਦੀ ਛੋਟੀ ਉਮਰ ਵਿੱਚ ਉਹਨਾਂ ਨੂੰ ਅਚਾਰਿਆ ਜਿਹਾ ਮਹਾਨ ਪੱਦ ਮਿਲਨਾ ਜੈਨ ਇਤਿਹਾਸ ਦੀ ਅਨੋਖੀ ਘੱਟਨਾ ਹੈ। ਉਹਨਾਂ ਨੇ ਧਰਮ ਪ੍ਰਚਾਰ ਲਈ ਬਹੁਤ ਸਾਰੀਆਂ ਜਾਤਾਂ ਨੂੰ ਜੈਨ ਧਰਮ ਲਈ ਦਿੱਖਿਅਤ ਕੀਤਾ ਅਤੇ ਉਹਨਾਂ ਨੂੰ ਨਵੇਂ ਗੋਤ ਪ੍ਰਦਾਨ ਕੀਤੇ ਔਸਵਾਲ ਜਾਤ ਦਾ ਗੋਤ ਅਚਾਰਿਆ ਜਿੰਨ ਚੰਦਰ ਸੂਰੀ ਦੀ ਦੇਣ ਹਨ।

ਇਕ ਵਾਰ ਆਪ ਧਰਮ ਸੰਘ ਨਾਲ ਜੰਗਲ ਵਿੱਚ ਜਾ ਰਹੇ ਸਨ ਸੰਘ ਵਿੱਚ ਬਹੁਤ ਸਾਰੇ ਇਸਤਰੀ ਪੁਰਖ ਬੱਚੇ ਸਾਧੂ ਸਾਧਵੀਆਂ ਸਨ। ਚੋਰਸਿਧਾਂਤ ਪਿੰਡ ਦੇ ਨੇੜੇ ਸੰਘ ਨੇ ਪੜਾਉ ਕੀਤਾ ਉਸੇ ਸਮੇਂ ਉੱਥੇ ਚੋਰਾਂ ਦੇ ਆਉਣ ਦੀ ਖਬਰ ਸੁਣ ਕੇ ਸੰਘ ਵਾਲੇ ਘਬਰਾ ਗਏ ਉਸ ਸਮੇਂ ਅਚਾਰਿਆ ਜਿੰਨ ਚੰਦਰ ਸੂਰੀ ਜੀ ਨੇ ਸੰਘ ਨੂੰ ਤਸੱਲੀ ਦਿੰਦੇ ਹੋਏ ਕਿਹਾ ਕਿ ਤੁਸੀਂ ਇਕ ਦਾਈਰੇ ਵਿੱਚ ਖੜੇ ਹੋ ਜਾਵੋ ਮੈਂ ਤੁਹਾਡੇ ਚਾਰੋ ਪਾਸੇ ਇਕ ਰੇਖਾ ਖਿੱਚਦਾ ਹਾਂ ਕੋਈ ਚੋਰ ਇਸ ਰੇਖਾ ਨੂੰ ਪਾਰ ਨਹੀਂ ਕਰ ਸਕੇਗਾ। ਹੋਇਆ ਵੀ ਇਸੇ ਪ੍ਰਕਾਰ, ਆਪ ਨੇ ਸੰਘ ਦੀ ਚੋਰਾਂ ਤੋਂ ਰੱਖਿਆ ਕੀਤੀ।

ਬੱਚਪਨ ਤੋਂ ਹੀ ਆਪ ਦੇ ਮਸਤਕ ਵਿੱਚ ਮਨੀ ਸੀ। ਇਸੇ ਕਰਕੇ ਆਪ ਨੂੰ ਮਨੀ ਧਾਰੀ ਆਖਿਆ ਗਿਆ ਹੈ। ਇਸ ਮਨੀ ਵਾਰੇ ਆਪ ਨੇ ਅਪਣੇ ਉਪਾਸਕਾ ਕੋਲ ਭੱਵਿਖਬਾਣੀ ਕੀਤੀ ਸੀ ਕਿ ਜਿਸ ਸਮੇਂ ਮੇਰੀ ਮੌਤ ਹੋ ਜਾਵੇ ਤਾਂ ਇਹ ਮਨੀ ਤੁਸੀਂ ਦੁਧ ਦੇ ਭਾਂਡੇ ਵਿੱਚ ਗ੍ਰਹਿਣ ਕਰ ਲੈਣਾ ਪਰ ਸੰਘ ਆਪ ਦੇ ਸਵਰਗਵਾਸ ਤੋਂ ਇਤਨਾ ਦੁਖੀ ਸੀ ਕਿ ਉਹ ਇਹੋ ਜਿਹਾ ਕਰਨਾ ਭੁਲ ਗਿਆ ਅਤੇ ਉਸ ਮਨੀ ਨੂੰ ਕਿਸੇ ਯੋਗੀ ਨੇ ਗ੍ਰਹਿਣ ਕਰ ਲਿਆ। ਆਪ

ਨੇ ਅਪਣੇ ਜੀਵਨ ਵਿੱਚ ਇਕ ਸੇਠ ਕੁਲ ਚੰਦਰ ਨੂੰ ਅਪਣੇ ਮੰਤਰ ਨਾਲ ਥੋੜੇ ਸਮੇਂ ਵਿੱਚ ਕਰੋੜ ਪਤੀ ਬਣਾ ਦਿੱਤਾ।

ਆਪ ਦੇ ਚੱਮਤਕਾਰਾਂ ਨੂੰ ਸੁਣ ਕੇ ਦਿੱਲੀ ਦਾ ਉਸ ਸਮੇਂ ਦਾ ਰਾਜਾ ਬਹੁਤ ਪ੍ਰਭਾਵਿਤ ਹੋਇਆ ਉਸ ਰਾਜੇ ਦਾ ਨਾਉ ਮਦਨ ਪਾਲ (ਆਨੰਗ ਪਾਲ) ਸੀ। ਉਸ ਨੇ ਆਪ ਨੂੰ ਦਿੱਲੀ ਪਦਾਰਨ ਦੀ ਬੇਨਤੀ ਕੀਤੀ ਉਸ ਸਮੇਂ ਆਪ ਨੂੰ ਅਪਣੇ ਗੁਰੂ ਦਾ ਅੱਖਾ ਯਾਦ ਆਗਿਆ। ਪਰ ਆਪ ਰਾਜੇ ਦੀ ਬੇਨਤੀ ਨੂੰ ਟਾਲਣ ਤੋਂ ਅਸਮਰਥ ਸਨ ਸੋ ਅਪਣੇ ਧਰਮ ਪਰਿਵਾਰ ਨਾਲ ਉਹ ਦਿੱਲੀ ਤੋਂ ਬਾਹਰ ਪਹੁੰਚੇ, ਰਾਹ ਵਿੱਚ ਉਹਨਾਂ ਇਕ ਦੇਵਤੇ ਨੂੰ ਵੀ ਉਪਦੇਸ਼ ਦਿੱਤਾ। ਅਚਾਰਿਆ ਦਾ ਦਿੱਲੀ ਪਹੁੰਚਨ ਤੇ ਰਾਜੇ ਨੇ ਸ਼ਾਹੀ ਸ਼ਾਨੋਸ਼ੋਕਤ ਨਾਲ ਸਵਾਗਤ ਕੀਤਾ ਅਤੇ ਰਾਜਾ ਤੇ ਪਰਜਾ ਹਰ ਰੋਜ ਉਪਦੇਸ਼ ਸੁਣਦੇ ਸਨ। ਪਰ ਇਹ ਸਮਾਂ ਜ਼ਿਆਦਾ ਲੰਮਾ ਨਹੀਂ ਚੱਲਿਆ।

## ਸਵਰਗਵਾਸ:

ਇਸ ਪ੍ਰਕਾਰ ਧਰਮ ਦਾ ਪ੍ਰਚਾਰ ਕਰਦੇ ਹੋਏ ਅਚਾਰਿਆ ਜਿੰਨ ਚੰਦਰ ਸੂਰੀ ਨੇ ਅਪਣਾ ਮੌਤ ਦਾ ਸਮਾਂ ਨਜਦੀਕ ਜਾਣਕੇ ਸੰਮਤ 1223 ਦੀ ਦੂਸਰੀ ਭਾਦੋ 14 ਨੂੰ ਜੈਨ ਵਿਧੀ ਅਨੁਸਾਰ ਪੰਡਿਤ ਮਰਨ ਪ੍ਰਾਪਤ ਕੀਤਾ ਅਤੇ ਆਪ ਸਵਰਗ ਸਿਧਾਰ ਗਏ। ਅੰਤ ਸਮੇਂ ਆਪ ਨੇ ਉਪਾਸ਼ਕਾਂ ਦੇ ਸਾਹਮਣੇ ਇਕ ਭਵਿਖਬਾਣੀ ਕੀਤੀ ਕੀ ਸ਼ਹਿਰ ਤੋਂ ਜਿਨ੍ਹੀ ਵੀ ਦੂਰ ਸਾਡਾ ਦਾਹ ਸੰਸਕਾਰ ਕੀਤਾ ਜਾਵੇਗਾ। ਸ਼ਹਿਰ ਦੀ ਅਬਾਦੀ ਉਨ੍ਹੀ ਹੀ ਦੂਰ ਤੱਕ ਵੱਧ ਜਾਵੇਗੀ।
ਸਮਾਜ ਨੇ ਆਪ ਦਾ ਸੰਸਕਾਰ ਬੜੀ ਧੂਮਧਾਮ ਨਾਲ ਦਿੱਲੀ ਦੇ ਬਾਹਰ ਕੁਤਬ ਮਿਨਾਰ ਦੇ ਨੇੜੇ ਮਹਿਰੋਲੀ ਵਿਖੇ ਕੀਤਾ। ਜਿੱਥੇ ਆਪ ਦਾ ਸਮਾਧੀ ਸਥਲ ਬਣੀਆ ਹੋਇਆ ਹੈ।

## ਇਸ ਪੁਸ਼ਤਕ ਬਾਰੇ:

ਇਹ ਪੁਸ਼ਤਕ ਅਚਾਰਿਆ ਜੀ ਦੀ ਇਕੋ ਇੱਕ ਪ੍ਰਾਪਤ ਰਚਨਾ ਹੈ, ਜਿਸ ਦਾ ਸੰਪਾਦਨ ਇਤਿਹਾਸਕਾਰ ਅਗਰਚੰਦ ਨਾਟਾ, ਭੰਬਰਲਾਲ ਨਾਟਾ ਨੇ

ਅਚਾਰਿਆ ਮਨੀਧਾਰੀ ਸ਼੍ਰੀ ਜਿੰਨ ਚੰਦਰ ਸੂਰੀ ਵਿੱਚ ਕੀਤਾ ਹੈ। ਇਸੇ ਗ੍ਰੰਥ ਦਾ ਨਾਉ ਵਿਵਸਥਾ ਸਿਕਸ਼ਾ ਕੁਲਕਮ ਹੈ। ਜਿਸ ਦੀ ਭਾਸ਼ਾ ਅਰਧ ਮਾਘਦੀ ਪ੍ਰਾਕ੍ਰਿਤ ਹੈ। ਇਸ ਦਾ ਵਿਸ਼ਾ ਸਾਧੂ, ਸਾਧਵੀ, ਉਪਾਸ਼ਕ, ਉਪਾਸ਼ਕਾ ਦੇ ਅਨੁਸ਼ਾਸਨ ਅਤੇ ਮਰਿਆਦਾ ਨਾਲ ਸੰਬਧਤ ਹੈ। ਇਸ ਛੋਟੇ ਜਿਹੇ ਗ੍ਰੰਥ ਵਿੱਚ ਅਚਾਰਿਆ ਸ਼੍ਰੀ ਜਿੰਨ ਚੰਦਰ ਸੂਰੀ ਨੇ ਇਸ ਵਿਸ਼ੇ ਨੂੰ ਬੜੀ ਡੂੰਗਾਈ ਨਾਲ ਛੋਹਿਆ ਹੈ।

ਅਸੀਂ ਸ਼੍ਰੀ ਵਿਨੋਦ ਦਰਿਆਪੁਰਕਰ ਚੇਅਰਮੈਨ ਜੈਨ ਵਰਲਡ ਫਾਉਂਡੇਸ਼ਨ ਯੂ. ਐਸ. ਏ. ਦੇ ਵਿਸ਼ੇਸ ਰੂਪ ਵਿੱਚ ਧੰਨਵਾਦੀ ਹਾਂ ਜਿਨ੍ਹਾਂ ਇਸ ਪੁਸਤਕ ਨੂੰ ਅਪਣੀ ਵੈਬ ਜੈਨ ਵਰਲਡ ਤੇ ਸਥਾਨ ਦੇ ਕੇ ਇਸ ਪੁਸਤਕ ਨੂੰ ਸੰਸਾਰ ਦੇ ਕੋਨੇ - ਕੋਨੇ ਵਿੱਚ ਪਹੁੰਚਾਇਆ ਹੈ।

ਇਸ ਕੰਮ ਨੂੰ ਨੇਪਰੇ ਚਾੜ੍ਹਨ ਲਈ ਅਸੀਂ ਆਪਣੇ ਛੋਟੇ ਭਰਾ ***ਸ਼੍ਰੀ ਮੁਹੰਮਦ ਸ਼ੱਬੀਰ (ਜ਼ੁਨੈਰ੍ਹਾ ਕੰਪਿਊਟਰਜ਼) ਮਾਲੇਰਕੋਟਲਾ*** ਦੇ ਸਹਿਯੋਗ ਤੇ ਮਿਹਨਤ ਲਈ ਧੰਨਵਾਦੀ ਹਾਂ।

ਇਸ ਗ੍ਰੰਥ ਦੇ ਅਨੁਵਾਦ ਵਿਚ ਰਹੀਆਂ ਗਲਤੀਆਂ ਲਈ ਅਸੀਂ ਪਾਠਕ ਵਰਗ ਅਤੇ ਵਿਦਵਾਨਾਂ ਤੋਂ ਖਿਮ੍ਹਾ ਚਾਹੁੰਦੇ ਹਾਂ। ਆਸ ਹੈ ਕਿ ਪਾਠਕ ਵਰਗ ਇਸ ਅਨੁਵਾਦ ਦੀਆਂ ਗਲਤੀਆਂ ਨੂੰ ਸੁਧਾਰ ਕੇ ਸਾਨੂੰ ਅਗਲੇ ਸੰਸਕਰਨ ਲਈ ਸੁਝਾਓ ਦੇਣਗੇ। ਇਕ ਵਾਰ ਫਿਰ ਸਾਰੇ ਸਹਿਯੋਗੀਆਂ ਦਾ ਅਤੇ ਪ੍ਰਯੋਗ ਕੀਤੇ ਗ੍ਰੰਥਾ ਦੇ ਲੇਖਕਾਂ, ਅਨੁਵਾਦਕਾਂ ਤੇ ਪ੍ਰਕਾਸ਼ਕਾਂ ਦੇ ਧੰਨਵਾਦੀ ਹਾਂ।

31/03/2011 ਸ਼ੁਭਚਿੰਤਕ

ਮੰਡੀ ਗੋਬਿੰਦਗੜ੍ਹ ਪੁਰਸ਼ੋਤਮ ਜੈਨ, ਰਵਿੰਦਰ ਜੈਨ

# ਸਮਰਪਣ



**ਧਰਮ ਭਰਾ ਸ਼੍ਰਮਣੋਪਾਸਕ**
**ਸ਼੍ਰੀ ਪੁਰਸ਼ੋਤਮ ਜੈਨ ਸਾਹਿਬ ਮੰਡੀ ਗੋਬਿੰਦਗੜ੍ਹ**
**ਨੂੰ ਸਮਰਪਨ ਦਿਵਸ ਦੇ ਸ਼ੁਭ ਮੌਕੇ ਤੇ**
**ਸ਼ਰਧਾ ਤੇ ਪ੍ਰੇਮ ਨਾਲ ਭੇਂਟ**

ਭੇਂਟ ਕਰਤਾ: ਰਵਿੰਦਰ ਜੈਨ

ਮਾਲੇਰਕੋਟਲਾ: 31/03/2011

ਮਨੀਧਾਰੀ ਸ਼੍ਰੀ ਜਿੰਨ ਚੰਦਰ ਸੂਰੀ ਦੁਆਰਾ ਰਚਿਤ:

# ਵਿੱਵਸਥਾ ਸਿਕਸ਼ਾ ਕੁਲਕਮ

ਸੰਸਾਰ ਦੇ ਜੀਵਾਂ ਨੂੰ ਸਵਰਗ ਅਤੇ ਮੋਕਸ ਦਾ ਸੁੱਖ ਦੇਣ ਵਾਲੇ ਭਗਵਾਨ ਮਹਾਵੀਰ ਨੂੰ ਅਤੇ ਧਰਮ ਦੇ ਮਾਲਿਕ ਤੀਰਥ ਦੀ ਉਤਪਤੀ ਕਰਨ ਵਾਲੇ, ਸਾਰੇ ਦੋਸ਼ਾਂ ਨੂੰ ਹਰਨ ਵਾਲੇ 23ਵੇਂ ਤੀਰਥੰਕਰ ਭਗਵਾਨ ਪਾਰਸ਼ਨਾਥ ਨੂੰ ਪ੍ਰਣਾਮ ਕਰਕੇ।

ਸਾਧੂ ਸਾਧਵੀਆਂ ਦੇ ਲਈ ਅਤੇ ਉਪਾਸ਼ਕ ਉਪਾਸ਼ਕਾਵਾਂ ਦੇ ਗੁਣ ਦਾ ਕਾਰਨ ਰੂਪ ਸ਼ੁੱਧ ਧਰਮ ਦੇ ਵਿਵਹਾਰ ਨੂੰ ਸੰਖੇਪ ਵਿੱਚ ਦੱਸਦਾ ਹਾਂ। ॥1-2॥

ਉਤਸਰਗ (ਜ਼ਰੂਰੀ) ਅਪਵਾਦ (ਮਜ਼ਬੂਰੀਵੱਸ਼) ਦੇ ਆਗਮ ਗ੍ਰੰਥਾਂ ਵਿੱਚ ਵਿਖਾਏ ਅਤੇ ਆਗਮ ਦੇ ਜਾਣਕਾਰ (ਗੀਤਾਰਥ) ਰਾਹੀਂ ਧਰਮ ਵਿਵਹਾਰ, ਅਰਥ ਸਮੂਹ ਨੂੰ ਹਰਨ ਵਾਲਾ ਹੁੰਦਾ ਹੈ। ॥3॥

ਜਿਸ ਦੀ ਗੁਰੂ ਮਹਾਰਾਜ ਵਿੱਚ ਭਗਤੀ ਹੈ, ਬਹੁਮਾਨ ਹੈ, ਗੌਰਵ ਹੈ, ਗੁਰੂ ਮਹਾਰਾਜ ਤੋਂ ਜੋ ਡਰਦੇ ਹਨ - ਖਰਾਬ ਕੰਮ ਕਰਨ ਵਿੱਚ ਸ਼ਰਮ ਮਹਿਸੂਸ ਕਰਦੇ ਹਨ ਅਤੇ ਗੁਰੂ ਪ੍ਰਤੀ ਪਿਆਰ ਰੱਖਦੇ ਹਨ। ਉਹਨਾਂ ਸਾਧੂ ਪੁਰਸ਼ਾ ਦਾ ਗੁਰੂ ਕੁਲ ਨਿਵਾਸ਼ ਹਾਸਲ ਹੋ ਜਾਂਦਾ ਹੈ। ॥4॥

ਜੋ ਚੇਲਾ ਗੁਰੂ ਮਹਾਰਾਜ ਪ੍ਰਤੀ ਗਲਤ ਬੋਲਦਾ ਹੈ, ਅਭਿਮਾਨੀ ਅਤੇ ਨੁਕਤਾਚੀਨੀ ਕਰਨ ਵਾਲਾ ਹੈ ਅਪਣੇ ਨੂੰ ਜ਼ਿਆਦਾ ਬੁਧੀਮਾਨ ਸਮਝਣ ਵਾਲਾ ਹੈ, ਉਸ ਨੂੰ ਚੇਲਾ ਨਹੀਂ ਗੁਰੂ ਦਾ ਦੁਸ਼ਮਣ ਮਨਣਾ ਚਾਹੀਦਾ ਹੈ। ॥5॥

ਜੋ ਸੱਮਿਅਕ ਦਰਸ਼ਨ (ਸਹੀ ਵਿਸ਼ਵਾਸ) ਅਤੇ ਸੱਮਿਅਕ ਗਿਆਨ (ਸਹੀ ਗਿਆਨ) ਵਾਲਾ ਹੈ, ਖੇਤਰ ਅਤੇ ਕਾਲ ਦੇ ਅਨੁਸਾਰ ਹੀ ਚਰਿੱਤਰ

ਵਿੱਚ ਹਾਜ਼ਰ ਹੈ, ਉਹ ਸਾਧੂ ਪੁਰਸ਼ ਸ਼ੁੱਧ ਅਤੇ ਸੱਚੇ ਧਰਮ ਦਾ ਉਪਦੇਸ਼ਕ ਹੋਵੇਗਾ। ॥6॥

ਪਤਿਤ ਆਚਰਨ ਵਾਲੇ ਸਾਧੂ ਜੀਵਨ ਤੋਂ ਡਿੱਗਣ ਦਾ ਡਰ ਜਿਨ੍ਹਾਂ ਦੇ ਮਨ ਵਿੱਚ ਨਹੀਂ ਹੈ, ਜੋ ਸਭ ਵਿਦਿਆਵਾਂ - ਤੱਤਵਾਂ ਦੇ ਜਾਣਕਾਰ ਹੁੰਦੇ ਹਨ, ਜੋ ਖਿੰਮਾ ਆਦਿ ਗੁਣਾਂ ਨਾਲ ਭਰੇ ਹੋਏ ਹਨ। ਜਿਨ੍ਹਾਂ ਦੇ ਸਾਹਮਣੇ ਕਿਸੇ ਵਾਦਵਿਵਾਦ ਦੀ ਚਰਚਾ ਦਾ ਡਰ ਨਹੀਂ ਹੋ ਸਕਦਾ ਉਹ ਯੁਗ ਵਿੱਚ ਪ੍ਰਧਾਨ ਗੁਰੂ, ਸਭ ਦਾ ਸੁੱਖ ਕਰਨ ਵਾਲੇ ਹੁੰਦੇ ਹਨ। ॥ 7-8॥

12 ਬਾਰ੍ਹਾ ਅੰਗ ਅਤੇ ਸੰਘ ਨੂੰ ਸੂਤਰਾਂ ਵਿੱਚ ਸਾਫ ਤੌਰ ਤੇ ਪ੍ਰਵੱਚਨ ਕਿਹਾ ਗਿਆ ਹੈ। ਉਹਨਾਂ ਨੂੰ ਮਹਿਲ ਦੇ ਖੰਬੇ ਦੀ ਤਰ੍ਹਾਂ ਕਿਹਾ ਗਿਆ ਹੈ, ਉਹ ਗੁਰੂ ਦੀ ਰੱਖਿਆ ਕਰਦਾ ਹੈ। ਪ੍ਰਵੱਚਨ ਕਾਲ ਯੁੱਗ ਪ੍ਰਧਾਨ ਗੁਰੂ ਦੀ ਆਗਿਆ ਵਿੱਚ ਰਹਿੰਦਾ ਹੋਇਆ ਸੰਘ ਹੀ ਗੁਣਾਂ ਵਾਲਾ ਅਖਵਾ ਸਕਦਾ ਹੈ। ਬਿਨ੍ਹਾਂ ਕਿਸੇ ਸੰਕਲਪ ਵਿਕਲਪ ਦੇ ਸਹੀ ਪਰਮ ਪੱਦ ਨੂੰ ਪ੍ਰਾਪਤ ਕਰਦਾ ਹੈ। ॥ 9-10॥

ਸ਼੍ਰੀ ਜਿਨ ਭਗਵਾਨ ਦੀ ਆਗਿਆ ਨੂੰ ਸ਼੍ਰੀ ਜਿਨਦੱਤ ਆਗਿਆ ਨੂੰ ਪਾ ਕੇ ਜੋ ਕ੍ਰਿਆ ਕੀਤੀ ਜਾਂਦੀ ਹੈ ਉਹ ਹਿੱਤਕਾਰੀ ਹੁੰਦੀ ਹੈ। ਜੋ ਮੋਹ ਤੋਂ ਉਸ ਦਾ - ਸ਼੍ਰੀ ਜਿਨਦੱਤ ਆਗਿਆ ਦਾ ਉਲੰਘਣ ਕਰਦਾ ਹੈ ਉਹ ਸੰਸਾਰ ਦੇ ਜੰਗਲ ਵਿੱਚ ਭੱਟਕਦਾ ਹੈ। ॥11॥

ਪੜ੍ਹਨਾ, ਸੁਣਨਾ, ਧਿਆਨ ਕਰਨਾ, ਇਕ ਸਥਾਨ ਤੋਂ ਦੂਸਰੇ ਸਥਾਨ ਤੇ ਜਾਣਾ, ਚਿੰਤਨ ਕਰਨਾ, ਤੱਪਸਿਆ ਆਦਿ ਕ੍ਰਿਆ ਵਿਧਾਨ ਅਤੇ ਕਪੜਾ ਸਿਉਣਾ ਅਤੇ ਭੋਜਨ ਕਰਨਾ, ਸੋਣਾ, ਘੁੰਮਣਾ, ਸਥਿਰ ਹੋਣਾ, ਦਾਨ ਕਰਨਾ, ਰੋਕਨਾ, ਪੁਸਤਕ ਆਦਿ ਨੂੰ ਪ੍ਰਾਪਤ ਕਰਨਾ, ਦੀ ਕ੍ਰਿਆ ਵਿਧੀ ਗੁਰੂ ਦੀ ਆਗਿਆ ਨਾਲ ਹੀ ਕਰਨੀ ਚਾਹੀਦੀ ਹੈ। ॥12-13॥

ਅਜਿਹਾ ਕੋਈ ਕੰਮ ਨਹੀਂ ਕਰਨਾ ਚਾਹੀਦਾ ਜੋ ਗੁਰੂ ਦੀ ਆਗਿਆ ਤੋਂ ਉਲਟ ਹੋਵੇ। ਗੁਰੂ ਮਹਾਰਾਜ ਜੋ ਕੰਮ ਆਖਣ ਚੇਲੇ ਨੂੰ ਚਾਹੀਦਾ ਹੈ ਕਿ ਉਹ ਉਸੇ ਕੰਮ ਨੂੰ ਕਰੇ। ॥14॥

ਅਚਾਰਿਆ ਮਹਾਰਾਜ ਤੋਂ ਵਾਚਨਾ ਦਾ (ਸ਼ਾਸਤਰਾਂ ਦਾ ਜਾਣਕਾਰ ਹੋਣਾ) ਜ਼ਰੂਰੀ ਹੈ। ਆਸਨ ਪੈਰ ਪੁਝਨ ਵਾਲਾ ਕੰਬਲ, ਚੋਂਕੀ, ਪਿੱਠ ਨੂੰ ਸਹਾਰਾ ਦੇਣ ਵਾਲਾ ਕੰਬਲ, ਅਤੇ ਪੈਰ ਪੁਝਨ ਵਾਲਾ ਵੀ ਅਚਾਰਿਆ ਲਈ ਹੁੰਦੇ ਹਨ। ਵਾਚਨਾ ਅਚਾਰਿਆ ਦੇ ਲਈ ਆਸਨ, ਪੈਰ ਪੁਝਨ ਵਾਲਾ ਕੰਬਲ, ਚੋਂਕੀ ਅਤੇ ਪਿੱਠ ਵਾਲਾ ਕੰਬਲ ਅਤੇ ਪੈਰ ਦੇ ਹੇਠਾਂ ਪੈਰ ਪੁਝਨ ਵਾਲਾ ਕਪੜਾ ਹੋਣਾ ਜ਼ਰੂਰੀ ਹੈ। ॥15॥

ਅੰਗ ਪੂਜਾ ਦੇ ਸਮੇਂ ਅਚਾਰਿਆ ਮਹਾਰਾਜ ਦੇ ਪੈਰਾਂ ਉੱਤੇ ਚੰਦਨ ਲਗਾਉਣਾ ਯੋਗ ਹੈ, ਨਾ ਕਿ ਕਪੂਰ ਆਦਿ। ਅਚਾਰਿਆ ਮਹਾਰਾਜ ਦੇ ਸਾਹਮਣੇ ਉਪਾਸ਼ਕਾਵਾਂ ਮੰਗਲ ਗੀਤ ਗਾਉਂਦੀਆਂ ਹਨ। ਅਜਿਹੇ ਸੱਤਗੁਰ ਵੇਖੇ ਗਏ ਹਨ। ॥16॥

ਸੱਮਰਥ ਜਿਹੇ ਸ਼੍ਰੀ ਜਿਨ ਬੱਲਵ ਮਹਾਰਾਜ ਜਿਹੇ ਵਾਚਨਾ ਅਚਾਰਿਆ ਜੇ ਕੋਈ ਹੋਵੇ ਤਾਂ ਉਹਨਾਂ ਦੇ ਮੱਥੇ ਉੱਪਰ ਕਪੂਰ ਪਾਉਣਾ ਵੀ ਯੋਗ ਹੈ। ॥17॥

ਉਪਾਧਿਐ ਮਹਾਰਾਜ ਦੇ ਉੱਪਰ ਵਾਕਸੇਪ (ਅੱਠ ਗੰਧੀ, ਨਾਲ ਤਿਆਰ ਕੀਤਾ ਚੰਦਨ ਦਾ ਚੂਰਾ) ਦਾ ਕਰਨਾ ਯੋਗ ਹੈ। ਕਪੂਰ ਸਮੇਤ ਚਾਵਲਾਂ ਨੂੰ ਉਹਨਾਂ ਦੇ ਮੱਥੇ ਉੱਤੇ ਨਹੀਂ ਲਗਾਉਣਾ ਚਾਹੀਦਾ। ॥18॥

ਜੋ ਸ਼ੇਰ ਜਿਹੇ ਹੁੰਦੇ ਹਨ, ਜੋ ਪ੍ਰਵਚਨ ਦੇ ਸਵਾਮੀ ਹੁੰਦੇ ਹਨ ਅਜਿਹਾ ਜਾਣ ਕੇ ਪ੍ਰਵਚਨ ਦੀ ਪਰਭਾਵਨਾ (ਪ੍ਰਚਾਰ) ਦੇ ਕਾਰਨ ਉਹਨਾਂ ਦੇ ਚਰਨ ਪੂਜਾ ਵਿਸਥਾਰ ਨਾਲ ਕਰੇ। ॥19॥

ਜੋ ਅਚਾਰੀਆ ਬਲਦ ਦੀ ਤਰ੍ਹਾਂ ਪ੍ਰਵਚਨ ਨੂੰ ਚਲਾਉਂਦੇ ਹਨ, ਉਹਨਾਂ ਦੀ ਪਦਵੀ ਦੀ ਪੂਜਾ ਆਮ ਹੋ ਜਾਂਦੀ ਹੈ। ਅਤੇ ਜੋ ਨਾਉ ਮਾਤਰ ਦੇ

ਅਚਾਰਿਆ ਹੁੰਦੇ ਹਨ, ਉਹ ਸ਼ਹਿਰ ਦੇ ਗਿਦੜ ਦੀ ਤਰ੍ਹਾਂ ਹਨ, ਉਹਨਾਂ ਦੀ ਚਰਨ ਪੂਜਾ ਸੰਖੇਪ ਵਿੱਚ ਕਰਨੀ ਚਾਹੀਦੀ ਹੈ। ॥20॥

ਪਰਿਉਸ਼ਨ ਦੇ ਦਿਨਾਂ ਵਿੱਚ (ਉਪਾਸਕਾਂ) ਦੇ ਘਰਾਂ ਵਿੱਚ ਅਚਾਰਿਆ ਦੇ ਲਈ ਛਾਤਰ ਲਗਾਇਆ ਜਾਂਦਾ ਹੈ ਇਹ ਯੋਗ ਹੈ, ਅੱਜ ਕਲ ਆਮ ਸਾਧੂ ਅਵਸਥਾ ਵਿੱਚ ਵੀ ਛੱਤਰ ਦਿੱਤਾ ਜਾਂਦਾ ਹੈ ਜੋ ਯੋਗ ਨਹੀਂ ਹੈ। ॥21॥

ਉਪਰੋਕਤ ਅਚਾਰਿਆ ਦੇ ਵਚਨਾ ਵਿੱਚ ਲਗਾਉ ਰੱਖਦਾ ਹੋਇਆ ਸਾਧੂ ਪ੍ਰਚਾਰ ਦੇ ਲਈ ਅੱਗੇ ਵੱਧਦਾ ਹੈ ਗੁਰੂ ਦੇ ਬਿਨ੍ਹਾਂ ਆਖੇ ਨਾ ਕੁਝ ਲੈਂਦਾ ਹੈ ਨਾ ਕੁੱਝ ਛੱਡਦਾ ਹੈ। ॥22॥

ਜਿਸ ਜਗ੍ਹਾ ਤੇ ਜਿਸ ਨੂੰ ਗੁਰੂ ਮਹਾਰਾਜ ਨੇ ਸਾਧਵੀਆਂ ਦਾ ਰੱਖਿਅਕ ਨਿਯੁਕਤ ਕੀਤਾ ਹੈ ਉਸ ਨੂੰ ਚਾਹੀਦਾ ਹੈ ਕਿ ਉਹ ਗੁਰੂ ਮਹਾਰਾਜ ਦੇ ਆਖੇ ਅਨੁਸਾਰ ਹੀ ਰੱਖਿਆ ਕਰੇ। ॥23॥

ਸਾਧਵੀਆਂ ਨੂੰ ਚਾਹੀਦਾ ਹੈ ਕਿ ਉਹ ਗੁਰੂ ਆਗਿਆ ਵਿੱਚ ਵਰਤਮਾਨ ਵਿੱਚ ਉਸ ਪਾਲਕ (ਰੱਖਿਅਕ ਦੀ) ਗੁਰੂ ਦੀ ਤਰ੍ਹਾਂ ਹਮੇਸ਼ਾ ਉਸ ਦੇ ਆਖੇ ਹੁਕਮ ਨੂੰ ਮੰਨਦੇ ਹੋਏ ਸਨਮਾਨ ਦੇਣ। ॥24॥

ਜੇ ਕੋਈ ਸੱਜਣ ਰਿਸ਼ਤੇਦਾਰ ਸਾਧਵੀਆਂ ਨੂੰ ਕੱਪੜੇ ਆਦਿ ਦਿੰਦਾ ਹੈ, ਤਾਂ ਉਸ ਰੱਖਿਅਕ ਦੀ ਆਗਿਆ ਵਿੱਚ ਹੀ ਉਹਨਾਂ ਸਾਧਵੀਆਂ ਨੂੰ ਗ੍ਰਹਿਣ ਕਰਨਾ ਚਾਹੀਦਾ ਹੈ ਨਹੀਂ ਤਾਂ ਬਿਲਕੁਲ ਨਹੀਂ। ॥25॥

ਰਿਸ਼ਤੇਦਾਰਾਂ ਨੇ ਜੋ ਕੁਝ ਦਿੱਤਾ, ਭਾਵ ਤੋਂ ਉਸ ਰੱਖਿਅਕ ਪਾਲਕ ਨੂੰ ਅਰਪਨ ਕਰਨਾ ਚਾਹੀਦਾ ਹੈ। ਜੇ ਉਹ ਰੱਖਿਅਕ ਉਹਨਾਂ ਕੱਪੜੇ ਆਦਿ ਨੂੰ ਸਾਧਵੀਆਂ ਨੂੰ ਦੇਵੇ ਤਾਂ ਹੀ ਉਹਨਾਂ ਗ੍ਰਹਿਣ ਕਰਨਾ ਚਾਹੀਦਾ ਹੈ। ॥26॥

ਜੇ ਉਹ ਸਾਧਵੀਆਂ ਪਾਲਕ ਨੂੰ ਬੇਨਤੀ ਨਹੀਂ ਕਰਦੀਆਂ ਹਨ, ਅਤੇ ਅਪਣੀ ਬੁੱਧੀ ਅਨੁਸਾਰ ਮਨ ਮਰਜੀ ਨਾਲ ਪਦਾਰਥ ਨੂੰ ਗ੍ਰਹਿਣ ਕਰਦੀਆਂ ਹਨ ਤਾਂ ਉਹ ਸਾਧਵੀਆਂ ਆਗਿਆ ਤੋਂ ਭ੍ਰਿਸ਼ਟ ਹਨ। ਉਹ ਸਾਧਵੀ ਮੰਡਲ ਵਿੱਚ ਰਹਿਣ ਦੇ ਯੋਗ ਨਹੀਂ ਹਨ। ॥27॥

ਜੇ ਉਹ ਪਾਲਕ ਲੋਭ ਕਾਰਨ ਪ੍ਰਾਪਤ ਹੋਏ ਵਸਤਰ ਆਦਿ ਉਹਨਾਂ ਸਾਧਵੀਆਂ ਨੂੰ ਨਹੀਂ ਦਿੰਦਾ ਹੈ ਤਾਂ ਉਹ ਅਪਣੇ ਵੱਡਪਨ ਤੋਂ (ਗੁਰੂਪਨ) ਭ੍ਰਿਸ਼ਟ ਹੁੰਦਾ ਹੈ। ਅਜਿਹਾ ਪਾਲਕ ਮੰਡਲੀ ਦੀ ਪਾਲਨਾ ਕਿਸ ਪ੍ਰਕਾਰ ਕਰੇਗਾ? ਬਿਲਕੁਲ ਨਹੀਂ। ॥28॥

ਉਪਾਸਕਾਂ (ਸ੍ਰਾਵਕਾਂ) ਨੂੰ ਦੇਵ ਦ੍ਰਵ, ਗਿਆਨ ਦ੍ਰਵ ਅਤੇ ਆਮ ਦ੍ਰਵ ਅਜਿਹੇ ਧਾਰਮਿਕ ਤਿੰਨ ਭੇਦ ਕਰਨੇ ਚਾਹੀਦੇ ਹਨ। ਫੇਰ ਤੇਜ਼ੀ ਨਾਲ ਉਹਨਾਂ ਵਿੱਚ ਵਾਧਾ ਕਰਨਾ ਚਾਹੀਦਾ ਹੈ। ॥29॥

ਸਾਧੂ ਅਤੇ ਸਾਧਵੀਆਂ ਗਿਆਨ ਪੂਜਾ ਕਰਵਾ ਕੇ ਜੇ ਉਹ ਦ੍ਰਵ ਖੁਦ ਗ੍ਰਹਿਣ ਕਰਦੇ ਹਨ ਤਾਂ ਉਹ ਆਗਿਆ ਤੋਂ ਭ੍ਰਿਸ਼ਟ ਹੋ ਕੇ ਦੁਰਗਤੀ ਨੂੰ ਪ੍ਰਾਪਤ ਹੁੰਦੇ ਹਨ। ॥30॥

ਸਾਧੂ ਸਾਧਵੀ, ਸ੍ਰਾਵਕ (ਉਪਾਸਕ), ਸ੍ਰਾਵਕਾ (ਉਪਾਸਕਾ) ਜੇ ਇਕ ਦੂਸਰੇ ਨਾਲ ਝਗੜਾ ਕਰਦੇ ਹਨ ਤਾਂ ਉਹ ਸਮਿਅਕਤਵ ਤੋਂ ਭ੍ਰਿਸ਼ਟ ਹੁੰਦੇ ਹਨ ਅਤੇ ਉਹ ਧਰਮ ਦੀ ਬੇਇਜ਼ਤੀ ਕਰਨ ਵਾਲੇ ਹੁੰਦੇ ਹਨ। ॥31॥

ਜੋ ਸਾਧੂ ਸਾਧਵੀ ਗ੍ਰਹਿਸਤੀਆਂ ਦੇ ਘਰ ਤੋਂ ਭੋਜਨ ਪਾਣੀ ਆਦਿ ਲਿਆ ਕੇ ਬਿਨ੍ਹਾਂ ਕਾਰਨ ਸੁੱਟ ਦਿੰਦੇ ਹਨ, ਉਹ ਕਿਸ ਤਰ੍ਹਾਂ ਚੰਗੀ ਗਤੀ ਵਿੱਚ ਜਾ ਸਕਦੇ ਹਨ? ॥32॥

ਜੋ ਸਾਧੂ ਸਾਧਵੀ ਧੰਨ ਦਾ ਸੰਗ੍ਰਹਿ ਕਰਦੇ ਹਨ ਅਤੇ ਅਪਣੇ ਗੁਰੂ ਨੂੰ ਨਹੀਂ ਦੱਸਦੇ ਹਨ ਉਹ ਵੀ ਭ੍ਰਿਸ਼ਟ ਅਧਰਮੀ ਅਤੇ ਭਵ ਸਾਗਰ ਵਿੱਚ ਭੱਟਕਦੇ ਡੁੱਬਦੇ ਹਨ। ॥33॥

ਬਿਨ੍ਹਾਂ ਸਮੇਂ ਸਾਧੂਆਂ ਦੀ ਜਗ੍ਹਾ ਤੇ ਉਪਾਸਕਾਵਾਂ ਦਾ ਜਾਣਾ ਠੀਕ ਨਹੀਂ ਹੈ। ਵਿਸ਼ੇਸ ਤੌਰ ਤੇ ਸਾਧਵੀਆਂ ਦਾ ਜਾਣ ਵੀ ਠੀਕ ਨਹੀਂ ਹੈ। ਹਾਂ ਜੇਕਰ ਮਜ਼ਬੂਰੀ ਦੀ ਹਾਲਤ ਹੋਵੇ ਤਾਂ ਜਾਇਆ ਜਾ ਸਕਦਾ ਹੈ। ॥34॥

ਖੇਤਰ ਕਾਲ ਆਦਿ ਨੂੰ ਜਾਣਨ ਵਾਲੇ ਗੀਤਾਰਥ (ਆਗਮਾ ਦੇ ਜਾਣਨ ਵਾਲੇ) ਜੋ ਕਰਦੇ ਹਨ, ਉਸ ਨੂੰ ਬਿਨ੍ਹਾਂ ਸਮਝੇ ਹੀ ਜੋ ਅਗਿਆਨੀ ਆਚਰਨ ਕਰਦੇ ਹਨ, ਉਹ ਸੱਮਿਅਕਤਵੀ ਨਹੀਂ ਹਨ। ॥35॥

ਸ਼ੁੱਧ ਧਰਮ ਨੂੰ ਕਰਨ ਵਾਲੇ ਗੁਰੂਆਂ ਦੇ ਕੋਲ ਜੋ ਸ਼ੁੱਧ ਸੱਮਿਅਕ ਦਰਸ਼ਨ (ਸਹੀ ਵਿਸ਼ਵਾਸ) ਗ੍ਰਹਿਣ ਕਰਦੇ ਹਨ ਉਹਨਾਂ ਦੇ ਲਈ ਉਹ ਗੁਣ ਸਵਰਗ ਅਤੇ ਸਿੱਧ ਅਵਸਥਾ ਦੇ ਸੁੱਖ ਨੂੰ ਕਰਨ ਵਾਲਾ ਹੁੰਦਾ ਹੈ। ॥36॥

ਜੋ ਸ੍ਰਾਵਕਾਵਾਂ ਵੀ ਇਸ ਤਰ੍ਹਾਂ ਦਾ ਸੱਮਿਅਕਤਵ ਨੂੰ ਗ੍ਰਹਿਣ ਕਰਦੀਆਂ ਹਨ, ਉਹ ਤਨ, ਧੰਨ ਤੋਂ ਗੁਰੂ ਸੇਵਾ ਵਿੱਚ ਲੱਗਿਆਂ ਰਹਿੰਦੀਆਂ ਹਨ। ॥37॥

ਜੋ ਸ੍ਰਾਵਕ, ਸ੍ਰਾਵਕਾਵਾਂ ਗੁਰੂ ਪੂਜਾ ਦੇ ਸਮੇਂ ਦਿੱਤਾ ਹੋਇਆ, ਧੰਨ ਆਦਿ ਹੋਣ ਤੇ ਵੀ ਨਹੀਂ ਦੇਣਾ ਚਾਹੁੰਦੇ ਹਨ। ਉੱਪਰ ਦੱਸੇ ਇਸ ਪ੍ਰਕਾਰ ਸ੍ਰਾਵਕ ਤੇ ਸ੍ਰਾਵਕਾਵਾਂ ਉਹਨਾਂ ਗੁਰੂਆਂ ਦੀ ਅਗਿਆ ਨੂੰ ਕਿਸ ਪ੍ਰਕਾਰ ਮਣਨਗੇ ਉਸ ਸੱਮਿਅਕਤਵ ਦੀ ਗੱਲ ਨੂੰ ਦੂਰ ਤੋਂ ਹੀ ਉਹਨਾਂ ਨੇ ਹਮੇਸ਼ਾ ਲਈ ਛੱਡ ਦਿੱਤਾ ਹੈ। ॥38-39॥

ਘੱਟ ਧੰਨ ਵਾਲੇ ਵੀ ਸ੍ਰਾਵਕ ਧੰਨ ਅਨਾਜ ਆਦਿ ਨਾਲ ਕੋਸ਼ਿਸ਼ ਕਰਕੇ ਅਪਣੇ ਪਰਿਵਾਰ ਦਾ ਗੁਜ਼ਾਰਾ ਕਰਦੇ ਹਨ। ਧਾਰਮਿਕ ਪਰਿਵਾਰ ਵਿੱਚ ਸਾਧੂ ਅਤੇ ਸਾਧਵੀ ਦੇ ਅੰਨ ਅਤੇ ਕੱਪੜੇ ਆਦਿ ਦੀ ਜੇ ਉਹ ਸ੍ਰਾਵਕ ਫਿਕਰ ਸੰਭਾਲ ਨਹੀਂ ਰੱਖਦੇ ਤਾਂ ਉਹਨਾਂ ਵਿੱਚ ਸੱਮਿਅਕਤਵ ਕਿਸ ਪ੍ਰਕਾਰ ਹੋ ਸਕਦਾ ਹੈ? ਭਾਵ ਨਹੀਂ ਹੁੰਦਾ। ॥40-41॥

ਇਸੇ ਲਈ ਆਖਿਆ ਗਿਆ ਹੈ ਕਿ ਗੁਰੂਆਂ ਦੀ ਸੇਵਾ ਕਰਨਾ, ਧਰਮ ਪ੍ਰਤੀ ਰਾਗ (ਲਗਾਉ) ਰੱਖਣਾ, ਗੁਰੂਆਂ ਦੀ ਸਮਾਧੀ (ਸੁੱਖ) ਵਧਾਉਣਾ, ਸਰੀਰਕ ਰੂਪ ਵਿੱਚ ਸੇਵਾ ਕਰਨ ਦਾ ਨਿਯਮ ਰੱਖਣਾ ਇਹ ਸੱਮਿਅਕਤ ਦ੍ਰਿਸ਼ਟੀ ਜੀਵ ਦੀਆਂ ਨਿਸ਼ਾਨੀਆਂ ਹਨ। ॥42॥

ਉਪਰੋਕਤ ਕੰਮਾਂ ਨੂੰ ਕਰਨ ਵਾਲੇ ਧੀਰਜਵਾਨ ਚੰਗੇ ਸ੍ਰਾਵਕ ਕਈ ਜਗ੍ਹਾ 'ਤੇ ਕੁੱਝ ਵੀ ਸਾਧੂਆਂ ਦੇ ਲਈ ਜੋ ਗ੍ਰਹਿਣ ਕਰਨ ਯੋਗ ਹੁੰਦਾ ਹੈ, ਉਸ ਨੂੰ ਸਾਧੂਆਂ ਨੂੰ ਦਿੱਤੇ ਬਿਨ੍ਹਾਂ ਨਹੀਂ ਭੋਗਦੇ ਹਨ। ॥43॥

ਭਾਵੇਂ ਸ੍ਰਾਵਕ ਚੰਗੇ ਧੰਨ ਵਾਲਾ ਨਾ ਹੋਣ ਤੇ ਵੀ ਸਾਧੂਆਂ ਲਈ ਟਿਕਾਨਾ ਤਖਤਪੋਸ਼, ਘਾਟ ਫੂਸ ਦਾ ਬਿਛੋਨਾ, ਖਾਣ ਪੀਣ, ਦਵਾਈ, ਕੱਪੜਾ, ਬਰਤਨ ਆਦਿ ਥੋੜੇ ਤੋਂ ਥੋੜਾ ਦੇਵੇ। ਤਿੰਨ ਜਗ੍ਹਾਂ ਵਿੱਚ - ਦੇਵ ਗੁਰੂ ਗਿਆਨ ਦ੍ਰਵਾਂ ਦੀ ਮੱਦ ਵਿੱਚ ਸ੍ਰਾਵਕ ਇੱਕ ਹਿੱਸਾ ਦੇਵੇ। ਸਮਾਰੋਹ ਆਦਿ ਵਿੱਚ ਉਪਾਸਕ ਜ਼ਿਆਦਾ ਦੇਵੇ, ਨਹੀਂ ਤਾਂ ਉਹ ਸੱਮਿਅਕਤਵੀ ਨਹੀਂ ਅਖਵਾ ਸਕਦਾ। ॥44 - 45॥

ਸੀਮੰਤ ਕ੍ਰਮ, ਜਨਮ, ਨਾਮ ਰੱਖਣਾ, ਮੁੰਡਨ, ਪੁੱਤਰ ਆਦਿ ਦੇ ਵਿਵਾਹ ਇਹ ਉਤਸਵ ਦੇ ਸਮੇਂ ਹੁੰਦੇ ਹਨ। ॥46॥

ਉੱਤਸ੍ਰਗ (ਨਿਯਮ ਅਨੁਸਾਰ), ਮਜ਼ਬੂਰੀ ਤੋਂ ਗ੍ਰਹਿਣ ਕਰਨ ਯੋਗ ਭੋਜਨ ਤੇ ਪਾਣੀ ਨੂੰ ਜਾਨਕੇ ਹੀ ਸਾਧੂ ਲਵੇ ਅਤੇ ਆਧਾ ਕ੍ਰਮ (ਸਾਧੂ ਲਈ ਬਣਾਇਆ ਜਾਂ ਖ੍ਰੀਦੀਆ ਭੋਜਨ ਜਾਂ ਵਸਤੂ) ਆਦਿ ਨੂੰ ਦੋਸ਼ ਵਾਲਾ ਜਾਣ ਕੇ ਦੂਰ ਤੋਂ ਹੀ ਛੱਡ ਦੇਵੇ। ॥47॥

ਸਾਧੂਆਂ ਨੂੰ ਦੇਣ ਯੋਗ ਭੋਜਨ, ਤਖਤਪੋਸ਼, ਕੱਪੜੇ ਅਤੇ ਬਰਤਨ ਦੀ ਸ੍ਰੀਸ਼ੰਭਵ ਅਚਾਰਿਆ ਰਾਹੀਂ ਰਚਿੱਤ ਦਸਵੇਂ ਕਾਲਕ ਸੂਤਰ ਵਿੱਚ ਜੋ ਆਖੇ ਗਏ ਹਨ ਉਹਨਾਂ ਨੂੰ ਜਾਣੇ। ॥48॥

ਇਸ ਪ੍ਰਕਾਰ ਸੂਤਰ ਵਿੱਚ ਉਤਸ੍ਰਗ ਮਾਰਗ ਬਹੁਤ ਢੰਗ ਨਾਲ ਕਿਹਾ ਗਿਆ ਹੈ ਅਤੇ ਅਪਵਾਦ (ਮਜ਼ਬੂਰੀ) ਦਾ ਮਾਰਗ ਵੀ ਭਿੰਨ ਭਿੰਨ ਰੂਪਾਂ ਵਿੱਚ ਗ੍ਰੰਥਾਂ ਵਿੱਚ ਮਿਲਦਾ ਹੈ। ॥49॥

ਕਈ ਜਗ੍ਹਾ ਜ਼ਿਆਦਾ ਅਪਵਾਦ ਤੋਂ ਵੀ ਕੁੱਝ ਆਖਿਆ ਗਿਆ ਹੁੰਦਾ ਹੈ। ਉਸ ਨੂੰ ਅਜਿਹੇ ਹੀ ਕਾਰਨ ਤੋਂ ਪ੍ਰਾਪਤ ਹੋਣ ਤੇ ਆਗਮਾਂ ਦਾ ਜਾਣਕਾਰ ਆਚਰਨ ਕਰਦਾ ਹੈ। ॥50॥

ਉਹ ਆਗਮਾਂ ਦਾ ਜਾਣਕਾਰ ਉਸ ਅਪਵਾਦ ਦਾ ਆਚਰਨ ਕਰਦੇ ਹੋਏ, ਸੰਸਾਰ ਸਮੁੰਦਰ ਵਿੱਚ ਨਹੀਂ ਡੁੱਬਦਾ। ਸਗੋਂ ਉਹ ਜਿੰਨੇਸ਼ਰ ਪ੍ਰਮਾਤਮਾ ਦੀ ਆਗਿਆ ਹੈ, ਉਸ ਨੂੰ ਕਰਦੇ ਹੋਏ ਉਹ ਸੰਸਾਰ ਸਾਗਰ ਤੋਂ ਪਾਰ ਉੱਤਰ ਜਾਂਦਾ ਹੈ। ॥51॥

ਇਸੇ ਲਈ ਸੂਤਰ ਵਿੱਚ ਕਿਹਾ ਗਿਆ ਹੈ ਕਿ ਸੁੱਖ ਪੂਰਵਕ ਗੁਜ਼ਾਰਾ ਹੁੰਦੇ ਹੋਏ ਅਸ਼ੁੱਧ ਲੈਣ ਵਾਲੇ ਅਤੇ ਦੇਣ ਵਾਲੇ ਦੋਹਾਂ ਦਾ ਬੁਰਾ ਹੁੰਦਾ ਹੈ। ਤਾਂ ਬਿਮਾਰ ਦੇ ਉਦਾਹਰਣ ਨਾਲ ਗੁਜ਼ਾਰਾ ਨਾ ਹੋਣ ਤੇ - ਅਸ਼ੁੱਧ ਲੈਣ ਅਤੇ ਦੇਣ ਵਾਲੇ ਦੋਹਾਂ ਦਾ ਭਲਾ ਹੁੰਦਾ ਹੈ। ॥52॥

ਤੀਰਥੰਕਰ ਪ੍ਰਮਾਤਮਾ ਨੂੰ ਏਕਾਂਤ ਰੂਪ ਵਿੱਚ ਨਾ ਤਾਂ ਕਿਸੇ ਕੰਮ ਦੀ ਅਨੁਮੋਦਨਾ (ਹਮਾਇਤ) ਕੀਤੀ ਹੈ ਨਾ ਕਿਸੇ ਤਰ੍ਹਾਂ ਰੋਕੀਆ ਹੀ ਹੈ। ਇਹ ਉਹਨਾਂ ਦੀ ਆਗਿਆ ਹੈ ਕਿ, "ਕੰਮ ਕਰਦੇ ਹੋਏ ਸੱਚੀ ਭਾਵਨਾ ਹੋਣੀ ਚਾਹੀਦੀ ਹੈ"। ॥53॥

ਇਲਾਜ ਨਾ ਕਰਵਾਉ, ਜੇ ਚੰਗੀ ਤਰ੍ਹਾਂ ਨਾਲ ਸਹਿਣ ਕਰਨ ਦੀ ਸ਼ਕਤੀ ਰੱਖਦੇ ਹੋ। ਜੇਕਰ ਕਸ਼ਟ ਨੂੰ ਸ਼ਾਂਤੀ ਨਾਲ ਸਹਿਣ ਕਰਦੇ ਹੋਏ ਯੋਗ - ਮਨ ਵੱਚਨ ਅਤੇ ਸਰੀਰ ਨਸ਼ਟ ਨਾ ਹੁੰਦਾ ਹੋਵੇ ਤਾਂ ਭਿੰਅਕਰ ਜੰਗਲ ਆਦਿ ਨੂੰ ਪਾਰ ਕਰਦੇ ਹੋਏ, ਔਖੇ ਰਸਤੇ ਦੇ ਆਉਣ ਤੇ ਜਾਂ ਰੋਗ ਆਦਿ ਕੰਮਾਂ ਵਿੱਚ ਜੋ ਕਰਨ ਯੋਗ ਕੰਮ ਹੁੰਦਾ ਹੈ। ਉਸ ਨੂੰ ਸਾਧੂ ਇੱਜ਼ਤ ਨਾਲ ਅਤੇ ਯਤਨਾਂ (ਸਾਵਧਾਨੀ) ਨਾਲ ਕਰਦਾ ਹੈ। ॥54-55॥

ਸਾਰੀ ਜਿੰਦਗੀ ਗੁਰੂ ਦੀ ਰੱਖਿਆ, ਸਮੇਂ ਦੇ ਅਨੁਸਾਰ ਸ਼ੁੱਧ - ਅਸ਼ੁੱਧ ਤਰੀਕੇ ਨਾਲ ਵੀ ਕਰਨੀ ਚਾਹੀਦੀ ਹੈ, ਬਲਦ ਦੀ ਬਾਰਾਂ ਸਾਲ ਤੱਕ ਅਤੇ ਸਾਧੂ ਦੀ 18 ਮਹੀਨੇ ਤੱਕ। ਮਾੜੇ ਹਾਲਾਤ ਅਤੇ ਅਕਾਲ ਦੇ ਪੈਦਾ ਹੋਣ ਤੇ, ਰਾਜਾ ਦੇ ਦੁਸ਼ਮਣ ਹੋ ਜਾਣ ਤੇ, ਡਰ ਦੀ ਹਾਲਤ ਵਿੱਚ, ਬਿਮਾਰੀ ਦੀ ਹਾਲਤ ਵਿੱਚ ਆਦਿ ਕਾਰਨਾਂ ਵਿੱਚ ਯਤਨਾਂ ਨਾਲ ਆਧਾ ਕਾਰਨ ਆਦਿ ਦਾ ਸੇਵਨ ਹੁੰਦਾ ਹੈ। ॥56-57॥

ਸੂਤਰਾਂ ਵਿੱਚ ਦੱਸਿਆ ਗਿਆ ਹੈ ਕਿ ਸਦਾ ਚੁਗਲੀ ਰਹਿਤ, ਸੰਜਮ ਵਿੱਚ ਲੱਗਾ ਹੋਇਆ, ਸ਼ੀਲਵਾਨ, ਸੰਸਾਰ ਯਾਤਰਾ ਤੋਂ ਰਹਿਤ ਸਾਧੂਆਂ ਦੀ ਕਾਲ ਦੀ ਯਤਨਾ ਹੀ ਯਤੀਪੁਨਾ ਹੈ (ਸਾਧੂ ਜੀਵਨ)। ਭਾਵ ਸਮੇਂ ਦੇ ਜਾਣਕਾਰ ਸਾਧੂ ਹੀ ਸਾਧੂ ਹਨ। ॥58॥

ਸਹਾਰੇ ਵਾਲਾ ਮਨੁੱਖ ਔਖੇ ਰਾਹ ਵਿੱਚ ਆਤਮਾ ਦੀ ਰੱਖਿਆ ਕਰ ਲੈਂਦਾ ਹੈ, ਇਸੇ ਪ੍ਰਕਾਰ ਬਿਨ੍ਹਾ ਕਾਰਨ ਅਪਵਾਦ ਦਾ ਸੇਵਨ ਕਰਨ ਵਾਲਾ ਵੀ ਜੇ ਸਰਲ ਭਾਵ ਨੂੰ ਰੱਖਦਾ ਹੈ ਤਾਂ ਉਹ ਅਪਣੇ ਆਪ ਨੂੰ ਦੁਰਗਤੀ ਤੋਂ ਬਚਾ ਲੈਂਦਾ ਹੈ। ॥59॥

ਸਿਧਾਂਤ ਸੂਤਰਾਂ ਵਿੱਚ ਕਿਹਾ ਗਿਆ ਹੈ ਅਤੇ ਆਗਮਾਂ ਦੇ ਜਾਣਕਾਰ ਅਚਾਰਿਆ ਰਾਹੀਂ ਵਿਖਾਇਆ ਗਿਆ ਮਾਰਗ ਹੀ ਇੱਥੇ ਸਹਾਰਾ ਹੁੰਦਾ ਹੈ। ਜੋ ਕਿ ਚੰਗੀ ਤਰ੍ਹਾਂ ਪੁੱਛਿਆ ਹੋਇਆ ਸਮਝੀਆ ਹੋਇਆ ਹੁੰਦਾ ਹੈ, ਹੋਰ ਨਹੀਂ। ॥60॥

ਜੋ ਸਹਿਧਰਮੀਆਂ ਦੇ ਧੰਨ ਨੂੰ ਲੈਂਦਾ ਹੈ ਅਤੇ ਅਪਣੇ ਘਰ ਵਿੱਚ ਧੰਨ ਹੋਣ ਤੇ ਵੀ ਦੇਣਾ ਨਹੀਂ ਪੈਂਦਾ ਉਸ ਨੂੰ ਵੀ ਕਿ ਸੱਮਿਅਕਤਵ ਹੋ ਸਕਦਾ ਹੈ? ਨਹੀਂ। ॥61॥

ਖੁਦ ਨੇ ਲਿਖਿਆ ਹੈ, ਸਹਿ ਧਰਮੀ ਨੇ ਦਿੱਤਾ ਹੈ, ਫੇਰ ਵੀ ਜੋ ਮੰਗਣ ਤੇ ਜਾਣਦਾ ਹੋਇਆ ਵੀ ਆਖਦਾ ਹੈ, ਨਾ ਮੈਂ ਲਿਖਿਆ ਹੈ ਨਾ ਤੈਂ ਦਿੱਤਾ ਹੈ ਨਾ ਮੈਂ ਹੀ ਜਾਣਦਾ ਹਾਂ। ਉਹ ਪ੍ਰਤੱਖ ਵਿੱਚ ਝੂਠਾ ਹੈ, ਸੰਸਾਰ ਵਿੱਚ ਪ੍ਰਵਚਨ ਦੀ ਨਿੰਦਾ ਨੂੰ ਕਰਦਾ ਹੋਇਆ ਸੱਮਿਅਕਤਵ ਰੂਪੀ ਬੜੇ ਭਾਰੇ ਦਰਖਤ ਨੂੰ ਜੜ ਤੋਂ ਕੱਟਦਾ ਹੈ। ॥62-63॥

ਜੋ ਸਹਿਧਰਮੀ ਨਾਲ ਮੁਕੱਦਮੇਬਾਜੀ ਕਰਦਾ ਹੈ ਉਸ ਦੀ ਬੇਇਜ਼ੱਤੀ ਕਰਦਾ ਹੈ, ਧਰਨਾ ਦਿੰਦਾ ਹੈ, ਯੁੱਧ ਕਰਦਾ ਹੈ, ਉਹ ਅਪਣੇ ਸੱਮਿਅਕਤਵ ਦਾ ਨਾਸ਼ ਕਰਦਾ ਹੈ। ॥64॥

ਜੋ ਸਾਧੂ ਸਾਧਵੀ, ਸ੍ਰਾਵਕ, ਸ੍ਰਾਵਕਾ ਵੀ ਬੜੇ ਧਰਮ ਰੂਪੀ ਦਰਖ਼ਤ ਦੀ ਰੱਖਿਆ ਕਰਨ ਵਾਲੀ ਬਾੜ ਦੀ ਤਰ੍ਹਾਂ ਹਨ, ਕੱਪੜਾ, ਖਾਣਾ, ਪਾਣੀ, ਆਦਿ ਤੋਂ ਪਾਲਨ ਯੋਗ ਹੈ ਉਹਨਾਂ ਪ੍ਰਤੀ ਕਦੀ ਲਾਪਰਵਾਹ ਨਹੀਂ ਹੋਣਾ ਚਾਹੀਦਾ। ॥65-66॥

ਜੇ ਉਹ ਨਿਰਗੁਣ ਜਾਨਕੇ ਵੀ ਮਨ ਮਰਜੀ ਨਾਲ ਨਿੰਦਾ ਕਰਦਾ ਹੈ, ਤਾਂ ਉਸ ਨੇ ਉਸ ਧਰਮ ਰੂਪੀ ਦਰਖ਼ਤ ਦੀ ਬਾੜ ਨੂੰ ਤੋੜ ਦਿੱਤਾ ਹੈ। ॥67॥

ਉਸ ਨੇ ਮਿੱਥਿਆ ਦ੍ਰਿਸ਼ਟੀ ਨਾਲ ਅਤੇ ਮਿੱਥਿਆ ਦ੍ਰਿਸ਼ਟੀ ਦੇ ਚਿੰਨ੍ਹ ਦੁਰਗਤੀ ਦੀ ਪ੍ਰੰਪਰਾ ਪਾਉਣ ਵਿੱਚ ਪਰਮ ਸੁੱਖ ਅਨੁਭਵ ਕਰਨ ਵਾਲਾ ਗੁਰੂ ਮਹਾਰਾਜ ਦੀ ਆਗਿਆ ਨੂੰ ਖੰਡਤ ਕਰ ਦਿੰਦਾ ਹੈ। ॥68॥

ਜੋ ਨਿਰਵਿਰਤੀ ਨੂੰ ਪੈਦਾ ਕਰਦਾ ਹੈ, ਅਜਿਹੇ ਬੱੜੇ ਧਰਮ ਰੂਪੀ ਦਰਖ਼ਤ ਤੋਂ ਪੈਦਾ ਹੋਇਆ ਉੱਤਮ ਫੱਲ ਨੂੰ ਵੀ ਉਸ ਨੇ ਨਿੱਸਚੈ ਹੀ ਖੋ ਦਿੱਤਾ ਹੈ। ॥69॥

ਦੂਸਰੀਆਂ ਦੇ ਮਾੜੇ ਵਚਨਾ ਨੂੰ ਸੁਣ ਕੇ ਜੋ ਗੁੱਸਾ ਨਹੀਂ ਕਰਦਾ ਉਹ ਹੀ ਮਹਾਪੁਰਸ਼ ਦੂਸਰੀਆਂ ਨੂੰ ਧਰਮ ਦੀ ਪ੍ਰੇਰਨਾ ਕਰਦਾ ਹੈ ਅਤੇ ਪ੍ਰੇਰਨਾ ਕਰਨਾ ਵੀ ਜਾਣਦਾ ਹੈ। ॥70॥

ਜਿਸ ਦੇ ਚਿੱਤ ਵਿੱਚ ਸਵੈ ਵਿਵੇਕ ਤੋਂ ਸਭ ਜੀਵਾਂ ਦਾ ਭਲਾ ਹੈ, ਮਾਯਾ ਮੋਹ ਤੋਂ ਰਹਿਤ ਵਿਅਕਤੀ ਕਦੀ ਹੰਕਾਰ ਨਹੀਂ ਕਰਦਾ। ਸ਼ੁੱਧ ਧਰਮ ਨੂੰ ਪ੍ਰਾਪਤ ਹੋਣ ਵਾਲੀ ਜੋ ਕੁਝ ਵੀ ਗੁਰੂ ਮਹਾਰਾਜ ਦੀ ਆਗਿਆ ਭਲੇ ਦੇ ਲਈ ਆਖੀ ਗਈ ਹੈ। ਗਿਆਨੀ ਨੂੰ ਵਿਧੀਪੂਰਵਕ ਉਸ ਦਾ ਪਾਲਣ ਕਰਨਾ ਚਾਹੀਦਾ ਹੈ। ॥71-72॥


ਰਚਨਾਕਾਰ ਦਾ ਮੱਤ

ਇਹ ਸੰਖੇਪ ਵਿੱਚ ਆਗਮ ਅਨੁਸਾਰ ਅਤੇ ਆਗਮਾਂ ਦੇ ਜਾਣਕਾਰ ਦੇ ਸਿਧਾਂਤ ਦੇ ਅਨੁਸਾਰ ਗੁਣ ਕਾਰਨ ਨੂੰ ਪ੍ਰਗਟਾਉਣ ਵਾਲਾ, ਸਾਰੀਆਂ ਤਰਨਹਾਰ ਆਤਮਾਂ ਦੀ ਨਿਵਰਤੀ ਕਰਨ ਵਾਲਾ ਸਾਧੂ ਸਾਧਵੀ ਸਮੂਹ ਨੂੰ

ਅਤੇ ਸ੍ਰਾਵਕ ਸ੍ਰਾਵਕਾ ਦੇ ਸਮੂਹ ਨੂੰ ਸਿੱਖਿਆ ਦੇਣ ਲਈ ਹਮੇਸ਼ਾ ਸ਼੍ਰੀ ਜਿੰਨ ਚੰਦਰ ਸੂਰੀ (ਤੀਰਥੰਕਰ ਅਤੇ ਅਚਾਰਿਆ) ਪੱਦਵੀ ਦੀ ਸਾਧਨਾ ਕਰਨ ਵਾਲੇ ਦੇ ਸੰਬਧ ਵਿੱਚ ਕਿਹਾ ਗਿਆ ਹੈ (ਇਸ ਵਿੱਚ ਜਿੰਨ ਚੰਦ ਸੂਰੀ ਇਸ ਪੱਦ ਦੇ ਕਰਤਾ ਨੇ ਅਪਣਾ ਨਾਮ ਪ੍ਰਗਟ ਕੀਤਾ ਹੈ)। ॥73॥


ਇਸ ਪ੍ਰਕਾਰ ਨਾਲ ਜਿੰਨਦਰ ਭਗਵਾਨ ਦੁਆਰਾ ਦਿੱਤੀ ਹੋਈ ਅਤੇ (ਅਚਾਰਿਆ ਜਿੰਨ ਦੱਤ ਸੂਰੀ ਗੁਰੂ ਦੀ ਆਗਿਆ ਨਾਲ ਜੋ ਆਚਰਨ ਕਰਦਾ ਹੈ ਜੋਂ ਕਸੇ ਤੋਂ ਕਰਵਾਉਂਦਾ ਹੈ ਮੰਨਦਾ ਹੈ ਉਹ ਸਭ ਦੁੱਖਾਂ ਨੂੰ ਛੇਤੀ ਪਾਣੀ ਵਿੱਚ ਬਹਾ ਦਿੰਦਾ ਹੈ ਅਤੇ ਮੌਕਸ਼ ਨੂੰ ਪ੍ਰਾਪਤ ਕਰਦਾ ਹੈ। ਸਮਾਪਤਮ ॥74॥ (ਸੰਮਤ 1490 ਲਿਖਤਮ ਜਿੰਨ ਭੱਦਰ ਸੂਰੀ, ਦੀ ਪੁਸ਼ਤਕ ਤੋਂ)

ਸਮਾਧੀ



ਮਨੀਧਾਰੀ ਅਚਾਰਿਆ ਸ਼੍ਰੀ ਜਿੰਨ ਚੰਦਰ ਜੀ ਮਹਾਰਾਜ।

# ਦਿੱਖਿਆ



ਸੰਮਤ 1203 ਫੱਗਨ ਸ਼ੁਕਲਾ 9 ਦੇ ਦਿਨ ਅਜ਼ਮੇਰ ਵਿੱਚ ਅਚਾਰਿਆ ਜਿੰਨ ਦੱਤ ਸੂਰੀ ਜੀ ਰਾਹੀਂ ਮਨੀਧਾਰੀ ਜੀ ਨੂੰ ਦਿੱਖਿਅਤ ਕਰਨਾ।

# ਚਿੱਤਰ ਨੰਬਰ 2




ਅਪਣੇ ਭੱਵਿਖ ਦੇ ਵਾਕ ਬਾਰੇ ਅਚਾਰਿਆ ਜਿੰਨ ਦੱਤ ਸੂਰੀ ਤੋਂ ਪ੍ਰਸ਼ਨ ਕਰਦੇ ਸ੍ਰਾਵਕ।

# ਚਿੱਤਰ ਨੰਬਰ 3





ਡਾਕੂਆਂ ਤੋਂ ਸੰਘ ਦੀ ਰੱਖਿਆ ਕਰਦੇ ਹੋਏ ਅਚਾਰਿਆ
ਸ਼੍ਰੀ ਜਿੰਨ ਚੰਦਰ ਸੂਰੀ ਜੀ ਮਹਾਰਾਜ।

## ਚਿੱਤਰ ਨੰਬਰ 4



ਮਨੀਧਾਰੀ ਸ਼੍ਰੀ ਜਿੰਨ ਚੰਦਰ ਸੂਰੀ ਜੀ ਆਖਰੀ ਸਮੇਂ ਅਪਣੇ ਉਪਾਸ਼ਕਾਂ ਅਤੇ ਸਾਧੂ ਸਾਧਵੀਆਂ ਨੂੰ ਸਿੱਖਿਆ ਦਿੰਦੇ ਹੋਏ।

ਚਿੱਤਰ ਨੰਬਰ 5



ਅਚਾਰਿਆ ਸ਼੍ਰੀ ਜਿੰਨ ਚੰਦਰ ਸੂਰੀ ਜੀ ਮਹਾਰਾਜ ਦੀ ਅੰਤਿਮ ਸ਼ੋਭਾ ਯਾਤਰਾ, ਸੰਮਤ 1223 ਦੂਜ ਭਾਦੋ ਕ੍ਰਿਸ਼ਨਾ 14

# ਚਿੱਤਰ ਨੰਬਰ 6



ਸੰਸਕਾਰ ਸਥਲ ਤੇ ਹੋਇਆ ਚੱਮਤਕਾਰ ਜਦ ਅਚਾਰਿਆ ਸ਼੍ਰੀ ਜਿੰਨ ਚੰਦਰ ਸੂਰੀ ਜੀ ਦੀ ਅਰਥੀ ਅਪਣੇ ਆਪ ਇੱਕ ਜਗ੍ਹਾ ਰੁੱਕ ਗਈ ਉਪਾਸਕਾਂ ਦੀ ਇੱਛਾ ਸੀ ਇਸ ਨੂੰ ਹੋਰ ਅੱਗੇ ਲਿਜਾਇਆ ਜਾਵੇ, ਇਸ ਲਈ ਉਹਨਾਂ ਅਰਥੀ ਅੱਗੇ ਹਾਥੀ ਜੋੜ ਦਿੱਤਾ, ਪਰ ਵਿਮਾਨ ਅੱਗੇ ਨਹੀਂ ਵੱਧਿਆ, ਉਸੇ ਸਥਾਨ ਆਪ ਦਾ ਅੰਤਿਮ ਸੰਸਕਾਰ ਕਰ ਦਿੱਤਾ ਗਿਆ।